# ਅਣਫਰੋਲੇ ਵਰਕੇ

ਗੁਰਮੇਲ ਸਿੰਘ ਬੌਡੇ

# ਕੁਆਰ ਗੰਦਲ ਦਾ ਸੂਹਾ ਫੁੱਲ

ਪਤਾ ਨਹੀਂ ਜ਼ਿੰਦਗੀ ਦਾ ਇਸ ਅਧੂਰੇ (ਅਪਾਹਜ) ਸਰੀਰ ਨਾਲ ਕਿਹੋ ਜਿਹਾ ਵਾਸਤਾ ਹੈ ਕਿ ਜ਼ਿੰਦਗੀ ਦੇ ਪੈਰ-ਪੈਰ ਤੇ ਅਜਿਹੇ ਵਰਕੇ ਖਿੰਡ ਜਾਂਦੇ ਨੇ ਜਿਨਾਂ ਨੂੰ ਸਮੇਟਦਿਆਂ ਜ਼ਿੰਦਗੀ ਛੇਵੇਂ ਦਹਾਕੇ ਵਿਚ ਪ੍ਰਵੇਸ਼ ਕਰ ਗਈ ਹੈ। ਡਾ. ਜਗਤਾਰ ਦੀ ਗ਼ਜ਼ਲ ਵਾਂਗ "ਹਰ ਮੋੜ ਤੇ ਸਲੀਬਾਂ ਹਰ ਪੈਰ ਤੇ ਹਨ੍ਹੇਰਾ, ਫਿਰ ਵੀ ਅਸੀਂ ਰੁਕੇ ਨਾਂ ਸਾਡਾ ਵੀ ਦੇਖ ਜੇਰਾ" ਜ਼ਿੰਦਗੀ ਨੂੰ ਇਸ ਸਬਰ, ਸਿਰੜ ਤੇ ਤੋਰੀ ਜਾ ਰਿਹਾ ਕਿ ਕਦੇ ਤਾਂ ਜ਼ਿੰਦਗੀ ਦੇ ਰਾਹਾਂ ਵਿਚ ਰੋਸ਼ਨੀ ਹੋਵੇਗੀ, ਜਦ ਜਿੰਦ ਦੇ ਚਿਰਾਂ ਤੋਂ ਬੰਨ ਮਾਰ ਕੇ ਰੱਖੇ ਮੌਲਣਗੇ ਤੇ ਉਹ ਸਮਾਂ ਪਾਸ਼ ਦੀ ਲਿਖਤ ਅਨੁਸਾਰ "ਸੋਨੇ ਦੀ ਸਵੇਰ ਜਦੋਂ ਆਊ ਸੱਜਣਾ, ਨੱਚੇਗਾ ਅੰਬਰ ਧਰਤੀ ਗਾਊ ਸੱਜਣਾ" ਉਡੀਕ ਅਜੇ ਜਾਰੀ ਹੈ। ਸਬਰ ਅਜੇ ਕਾਇਮ ਹੈ। ਪਰ ਇਹ ਸਰੀਰ, ਇਹ ਦੇਹੀ ਕਿਸੇ ਪੁਰਾਣੇ ਘਰ ਦੀ ਛੱਤ ਦੀ ਸ਼ਤੀਰ ਵਾਂਗ ਜਰਜਰੀ ਹੋ ਚੁੱਕੀ ਹੈ। ਮੌਤ ਦਾ ਸਾਇਆ ਦਿਲੋ ਦਿਮਾਗ਼ ਤੇ ਹਰ ਸਮੇਂ ਨਾਲ-ਨਾਲ ਚੱਲਦਾ ਹੈ।

ਪਰ ਜ਼ਿੰਦਗੀ ਅਜਿਹੇ ਅਜੀਬੋ-ਗਰੀਬ ਵਰਕੇ ਹੱਥਾਂ 'ਚ ਹੀ ਨਹੀਂ ਬਲਕਿ ਚੇਤਿਆਂ ਨੂੰ ਥਮਾ ਜਾਂਦੀ ਹੈ ਕਿ ਹਰ ਵਾਰ ਸੋਚਦਾ ਹਾਂ ਕਿ ਮੇਰੇ ਨਾਲ ਹੀ ਅਜਿਹਾ ਕਿਉਂ ਹੁੰਦਾ ਹੈ। ਇਸ ਗੱਲ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ ਕਿ ਹਰ ਮਨੁੱਖ ਦੀ ਜ਼ਿੰਦਗੀ 'ਚ ਅਜੀਬੋ-ਗਰੀਬ ਹਾਦਸੇ ਵਾਪਰਦੇ ਹਨ। ਇਕ ਅੱਧ ਵਾਰ ਹੋਇਆ ਤਾਂ ਚਲੋ ਮੰਨ ਲੈਂਦੇ ਹਾਂ ਪਰ ਜ਼ਿੰਦਗੀ ਦੀ ਇਕ ਰੀਝ ਦੇ ਰਾਹ ਵਿਚ ਇਕ ਨਹੀਂ, ਦੋ ਨਹੀਂ, ਤਿੰਨ ਨਹੀਂ, ਸਗੋਂ ਪੰਜ ਵਾਰ ਵਾਪਰੇ ਤਾਂ ਵਕਤ ਦੇ ਵਰਤਾਰੇ ਤੇ ਹੈਰਾਨੀ ਹੁੰਦੀ ਹੈ। ਟਾਮਸ ਹਾਰਡੀ (ਇੰਗਲੈਂਡ) ਦੇ ਨਾਵਲਕਾਰ ਦੀ ਫਿਲਾਸਫ਼ੀ ਮੁਤਾਬਕ "Fate and chance plays an important role in human lite. But man is a helpless creature in the hands of cruel fate and chance." ਉਸ ਦੇ ਕਈ ਨਾਵਲ ਇਸ ਵਰਤਾਰੇ ਨੂੰ ਉਜਾਗਰ ਕਰਦੇ ਹਨ। ਉਸ ਦੇ ਸਿਰਜੇ ਪਾਤਰ ਜ਼ਿੰਦਗੀ ਦੇ ਅਜਿਹੇ ਹਾਦਸਿਆਂ ਦਾ ਸੰਤਾਪ ਭੋਗਦੇ ਹਨ। ਇਹ ਵਰਤਾਰਾ ਸੁਭਾਵਕ ਤੇ ਅਚਾਨਕ ਵਰਤਦਾ ਹੈ ਕਿ ਜ਼ਿੰਦਗੀ ਦੀਆਂ ਰੀਝਾਂ ਟੁੱਟੇ ਹੋਏ ਸ਼ੀਸ਼ੇ ਵਾਂਗ ਕੀਚਰਾਂ-ਕੀਚਰਾਂ ਹੋ ਜਾਂਦੀਆਂ ਹਨ। ਕਦੇ-ਕਦੇ ਹੀ ਨਹੀਂ ਅਕਸਰ ਮੈਨੂੰ ਜਾਪਦਾ ਹੈ ਕਿ ਮੈਂ ਟਾਮਸ ਹਾਰਡੀ ਦੀ ਫਿਲਾਸਫ਼ੀ ਦਾ ਪਾਤਰ ਹੋਵਾਂ, ਜਿਸਨੂੰ ਉਹ ਵਾਰ-ਵਾਰ ਦੁਹਰਾਉਂਦਾ ਹੈ ਕਿ ਕਿਸਮਤ ਅਤੇ ਮੌਕੇ ਮਨੁੱਖ ਦੀ ਜ਼ਿੰਦਗੀ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ ਪਰ ਮਨੁੱਖ ਮੌਕੇ ਅਤੇ ਤਕਦੀਰ ਦੇ ਸਿਤਮ ਭਰੇ ਹੱਥਾਂ 'ਚ ਬੇਬੱਸ ਜੀਵ ਹੈ।


"ਟਰਨ...ਟਰਨ...ਟਰਨ..." 13 ਅਕਤੂਬਰ 2015 ਦੀ ਸਵੇਰ ਅਚਾਨਕ ਟੈਲੀਫ਼ੋਨ ਦੀ ਘੰਟੀ ਵੱਜਦੀ ਹੈ। ਮੈਨੂੰ ਆਪਣੀ ਦੇਹੀ ਨਾਲ ਬਨਾਵਟੀ ਲੱਤ ਬੰਨ੍ਹਕੇ ਤੁਰਦੇ ਨੂੰ ਸਮਾਂ ਲੱਗ ਜਾਂਦਾ ਹੈ ਤੇ ਫ਼ੋਨ ਦੀ ਘੰਟੀ ਕੱਟੀ ਜਾਂਦੀ ਹੈ। ਕੈਨੇਡਾ ਤੋਂ ਰੇਸ਼ਮ ਸਿੰਘ ਦਾ ਫ਼ੋਨ ਹੋਵੇਗਾ ਆਪੇ ਦੱਸ ਮਿੰਟ ਅਟਕ ਕੇ ਲਗਾ ਲਵੇਗਾ। ਮੈਂ ਸੋਚਦਾ ਹਾਂ। ਮੈਂ ਦਸ-ਪੰਜਰਾਂ ਮਿੰਟ ਉਡੀਕ ਕੇ ਸਕੂਲ ਜਾਣ ਲਈ ਤਿਆਰ ਹੁੰਦਾ ਹਾਂ। ਅਗਲੇ ਦਿਨ ਮੈਂ ਪਹਿਲੇ ਦਿਨ ਨਾਲੋਂ ਕੁਝ ਸਵੇਹਾਂ ਉੱਠਦਾ ਹਾਂ। ਉਸੇ ਸਮੇਂ ਫੇਰ ਫ਼ੋਨ ਦੀ ਘੰਟੀ ਵੱਜਦੀ ਹੈ, ਫਿਰ ਸੋਚਦਾ ਹਾਂ ਕਿ ਕੈਨੇਡਾ ਤੋਂ ਰੇਸ਼ਮ ਸਿੰਘ ਦਾ ਫ਼ੋਨ ਹੋਵੇਗਾ। ਉਸਨੇ ਕੋਈ ਗੱਲ ਕਰਨੀ ਹੋਊ, ਇਹ ਸੋਚ ਕੇ ਮੈਂ ਫ਼ੋਨ ਉਠਾਉਂਦਾ ਹਾਂ। "ਹੈਲੋ ਵੀਰੇ ਗੁਰਮੇਲ ਕੀ ਹਾਲ ਐ?" ਅੱਗੋ ਗੁਰਸ਼ਰਨ ਭਾਅ ਜੀ ਦੇ ਸਾਥੀ ਰਹੇ ਅਤੇ ਉਸ ਦੇ ਨਾਟਕਾਂ ਨੂੰ ਰੰਗਮੰਚ ਤੇ ਪੇਸ਼ ਕਰਨ ਵਾਲੇ ਰਘਵੀਰ ਸਿੰਘ ਦੀ ਜੀਵਨ ਸਾਥਣ ਦੀ ਆਵਾਜ਼ ਕੰਨੀਂ ਪੈਂਦੀ ਹੈ।" ਠੀਕ ਹੈ ਭੈਣ ਤੁਸੀਂ ਸੁਣਾਉ ਮੰਮੀ, ਪਾਪਾ ਤੇ ਪਰਿਵਾਰ ਤੇ ਬੱਚਿਆਂ ਦਾ ਕੀ ਹਾਲ ਹੈ? "ਸਭ ਠੀਕ ਐ ਵੀਰੇ" ਉਸ ਦੇ ਜਵਾਬ ਤੋਂ ਬਾਅਦ ਮੈਂ ਰਘਵੀਰ ਸਿੰਘ ਬਾਰੇ ਜੋ ਭਾਅ ਜੀ ਦੇ ਨਾਟਕਾਂ 'ਚ ਕਦੇ ਥਾਣੇਦਾਰ ਦੀ, ਕਦੇ ਮਲਕ ਭਾਗੋ ਦੀ ਤੇ ਅਕਸਰ ਕਿਸੇ ਡੇਰੇ ਦੇ ਮੱਕਾਰ ਸੰਤ ਦੀ ਭੂਮਿਕਾ ਅਦਾ ਕਰਦੇ ਹੁੰਦੇ ਸਨ। ਉਸ ਦੀ ਇਸ ਭੂਮਿਕਾ ਦਾ ਮੈਂ ਕਾਇਲ ਸਾਂ ਤੇ ਹਾਸੇ ਮਜ਼ਾਕ ਨਾਲ ਪੁੱਛਦਾ ਹਾਂ "ਤੇ ਹਾਂ ਭੈਣੇ ਸੰਤ ਮਹਾਰਾਜ ਜੀ ਕਿਥੇ ਪਧਾਰੇ ਹੋਏ ਹਨ।" ਵੀਰੇ ਉਹ ਕੰਮ ਤੇ ਗਏ ਹਨ ਤੇ ਤੁਹਾਨੂੰ ਇਕ ਖੁਸ਼ਖ਼ਬਰੀ ਦੇਣੀ ਹੈ। ਕੱਲ ਵੀ ਅਸੀਂ ਇਸੇ ਵੇਲੇ ਫ਼ੋਨ ਕੀਤਾ ਸੀ ਤੁਸੀਂ ਚੁੱਕਿਆ ਨਹੀਂ। ਅਸੀਂ ਸੋਚਿਆ ਕਿ ਅਜੇ ਹਨ੍ਹੇਰਾ ਹੋਵੇਗਾ ਤੇ ਸੁੱਤੇ ਪਏ ਹੋਣਗੇ। ਬਾਅਦ ਵਿਚ ਮੈਂ ਵੀ ਕੰਮ ਤੇ ਜਾਣਾ ਸੀ। ਖੁਸ਼ਖ਼ਬਰੀ ਇਹ ਹੈ ਕਿ ਏਥੇ ਐਡਮਿੰਟਨ (ਕੈਨੇਡਾ) ਵਿਚ ਅਸੀਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਵਰ੍ਹੇ ਗੰਢ ਮਨਾ ਰਹੇ ਹਾਂ। ਪਿਛਲੇ ਕਈ ਸਾਲਾਂ ਤੋਂ ਅਸੀਂ ਇਹ ਮਨਾਉਂਦੇ ਆ ਰਹੇ ਹਾਂ ਕਦੇ ਗੁਰਸ਼ਰਨ ਭਾਅ ਜੀ, ਕਦੇ ਕਾਮਰੇਡ ਅਮੋਲਕ, ਕਦੇ ਨਾਟਕਕਾਰ ਅਜਮੇਰ ਔਲਖ ਤੇ ਕਦੇ ਕਮਲਜੀਤ ਨੀਲੋਂ ਨੂੰ ਬੁਲਾ ਚੁੱਕੇ ਹਾਂ। ਇਹ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਸ਼ਹੀਦ ਕਰਤਾਰ ਸਿੰਘ ਸਰਾਭੇ ਬਾਰੇ ਦੱਸ ਕੇ ਲੋਕਾਂ ਨਾਲ ਅਟੁੱਟ ਸਾਂਝ ਪਾ ਕੇ ਗਏ ਹਨ। ਤੁਸੀਂ ਸਾਡੇ ਵੱਲੋਂ ਲਗਾਤਾਰ ਚਾਰ ਸਾਲ ਕੱਢੇ ਜਾ ਰਹੇ ਮੈਗਜ਼ੀਨ 'ਦਸਤਕ' ਦੇ ਸੰਪਾਦਕ (ਆਨਰੇਰੀ) ਰਹੇ ਹੋ। ਲੋਕਾਂ ਦੇ ਮਨਾਂ 'ਚ ਤੁਹਾਡੀਆਂ ਲਿਖਤਾਂ ਦੀ ਚੰਗੀ ਪਕੜ ਤੇ ਛਾਪ ਹੈ। ਇਸ ਕਰਕੇ ਕਮੇਟੀ ਨੇ ਇਸ ਸਮਾਗਮ ਲਈ ਤੁਹਾਡੀ ਚੋਣ ਕੀਤੀ ਹੈ ਅਤੇ ਤੁਸੀਂ ਇਸ ਸਮਾਗਮ ਦੇ ਮੁੱਖ ਬੁਲਾਰੇ ਹੋਵੋਗੇ। ਤੇ ਹਾਂ ਤੁਹਾਨੂੰ ਤੁਹਾਡੇ ਸਿੱਖਿਆ ਵਿਭਾਗ ਵੱਲੋਂ ਕਿੰਨੇ ਕੁ ਦਿਨਾਂ ਦੀ ਛੁੱਟੀ ਅਸਾਨੀ ਨਾਲ ਮਿਲ ਸਕਦੀ ਹੈ ਤੇ ਤੁਹਾਡਾ ਟਿਕਟ ਰੂਟ ਕਿਹੜਾ ਬਣਾਇਆ ਜਾਵੇ।"

"ਧੰਨਵਾਦ ਭੈਣੇ ਜਿੰਨਾ ਨੇ ਮੇਰੇ ਬਾਰੇ ਐਨਾ ਸੋਚਿਆ ਨਹੀਂ ਮੇਰਾ ਮਾਂ ਜਾਇਆ ਵੱਡਾ ਭਰਾ 1988 ਤੋਂ ਕੈਨੇਡਾ ਹੈ। ਉਸਦੇ ਮਨ 'ਚ ਅਜਿਹਾ ਕਦੇ ਨਹੀਂ ਆਇਆ। ਬਾਕੀ ਮੈਨੂੰ ਮੇਰੇ ਮਹਿਕਮੇ ਵੱਲੋਂ ਦੋ ਹਫ਼ਤਿਆਂ ਦੀ ਛੁੱਟੀ ਮੋਗੇ ਤੋਂ ਹੀ ਜ਼ਿਲ੍ਹਾ ਅਫ਼ਸਰ ਮੋਗਾ ਤੋਂ ਮਿਲ ਸਕਦੀ ਹੈ। ਇਸ ਤੋਂ ਵੱਧ ਤਿੰਨ ਮਹੀਨੇ ਤੱਕ ਦੀ ਛੁੱਟੀ ਚੰਡੀਗੜ੍ਹੋਂ ਡੀ.ਪੀ.ਆਈ. ਵੱਲੋਂ ਲੈਣੀ ਪੈਂਦੀ ਹੈ, ਜਿਸ ਨੂੰ ਦੋ ਤਿੰਨ ਮਹੀਨੇ ਦਾ ਸਮਾਂ ਲੱਗ ਜਾਵੇਗਾ। ਬਾਕੀ ਤੁਸੀਂ ਟਿਕਟ ਦੀ ਖੇਚਲ ਨਾ ਕਰਨਾ ਟਿਕਟ ਮੇਰੀ ਕੈਨੇਡਾ ਤੋਂ ਰੇਸ਼ਮ ਭੇਜ ਦੇਵੇਗਾ। ਉਸ ਨੂੰ ਕਹਾਂਗਾ ਕਿ ਦਿੱਲੀ ਐਡਮਿੰਟਨ ਟੋਰਾਂਟੋ ਬਣਾ ਕੇ ਭੇਜ ਦੇਵੇ। ਮੈਂ ਕਿਹਾ।

"ਚਲੋ ਠੀਕ ਐ ਵੀਰੇ ਤੁਹਾਡੀ ਰਾਹਦਾਰੀ ਤੇ ਸਾਰੇ ਕਾਗ਼ਜ਼ ਅਸੀਂ ਪਿੰਡ ਚਕਰ ਤੋਂ ਆ ਰਹੇ ਹਮਖਿਆਲ ਸਾਥੀ ਹੱਥ ਭੇਜ ਰਹੇ ਹਾਂ ਤੇ ਤੁਸੀਂ ਆਪਣੇ ਲੋੜੀਂਦੇ ਕਾਗ਼ਜ਼ ਤਿਆਰ ਕਰਕੇ 25 ਅਕਤੂਬਰ ਤੋਂ ਪਹਿਲਾਂ-ਪਹਿਲਾਂ ਚੰਡੀਗੜ੍ਹ ਕਿਸੇ ਵੀ ਏਜੰਟ ਰਾਹੀਂ ਜਮ੍ਹਾ ਕਰਵਾ ਦਿਉ। ਤੁਹਾਡਾ ਵੀਜ਼ਾ ਸੌ ਪ੍ਰਸੈਂਟ ਸ਼ਿਓਰ (ਯਕੀਨੀ) ਹੈ। ਕਿਉਂਕਿ ਤੁਹਾਡੀ ਸਪਾਂਸਰਸ਼ਿਪ ਐਡਮਿੰਟਨ ਦੇ ਐਮ.ਐਲ.ਏ. ਮੰਤਰੀ ਤੇ ਕੈਨੇਡਾ ਦੀਆਂ ਕਈ ਸੰਸਥਾਵਾਂ ਵੱਲੋਂ ਹੈ। ਜਿੰਨਾ ਦੀ ਭਰੋਸੇਯੋਗਤਾ ਤੇ ਭਾਰਤੀ ਕੈਨੇਡੀਅਨ ਅੰਬੈਂਸੀ ਦਿੱਲੀ ਯਕੀਨ ਕਰਦੀ ਹੈ।

ਦਿਨ ਐਤਵਾਰ 18 ਅਕਤੂਬਰ ਨੂੰ ਪਿੰਡ ਚਕਰ ਤੋਂ ਫ਼ੋਨ ਆਉਣ ਤੇ ਮੈਂ ਅਤੇ ਮੇਰਾ ਬੇਟਾ ਪ੍ਰਭਜੋਤ ਤੇ ਉਸ ਦਾ ਦੋਸਤ ਪੰਮਾਂ ਜੋ ਗੱਡੀ ਡਰਾਈਵ ਕਰ ਰਿਹਾ ਸੀ, ਪਿੰਡ ਚਕਰ ਚਲੇ ਗਏ। ਉਹ ਸਾਨੂੰ ਬੜੇ ਤਪਾਕ ਨਾਲ ਮਿਲੇ ਤੇ ਉਨ੍ਹਾਂ ਵੀ ਕਿਹਾ ਕਿ ਤੁਹਾਡਾ ਵੀਜ਼ਾ ਲੱਗਣਾ 101% ਯਕੀਨੀ ਹੈ। ਇਹ ਕਹਿ ਕੇ ਉਹਨਾਂ ਰਘਵੀਰ ਸਿੰਘ ਮੁੱਖ ਸੰਪਾਦਕ ਦਸਤਕ ਵੱਲੋਂ ਭੇਜਿਆ ਪੈਕਟ ਸਾਨੂੰ ਫੜਾਇਆ। ਅਸੀਂ ਚਾਹ ਪੀ ਕੇ ਉਹਨਾਂ ਤੋਂ ਵਾਪਸੀ ਦੀ ਆਗਿਆ ਲਈ। ਅਗਲੇ ਦਿਨ ਸਕੂਲ ਖੁੱਲ੍ਹਣ ਤੇ ਮੈਂ ਸਕੂਲ ਵੱਲੋਂ ਜੀ.ਪੀ.ਐਫ. ਸਲਿੱਪ ਮਹੀਨੇ ਦੀ ਮਿਲਦੀ ਤਨਖਾਹ ਦੀ ਸੈਲਰੀ ਸਟੇਟਮੈਂਟ, ਘਰ ਦੀ ਈਵੈਲੂਏਸ਼ਨ ਦਾ ਸਰਟੀਫਿਕੇਟ, ਸਕੂਲ ਵੱਲੋਂ ਵਿਦੇਸ਼ ਜਾਣ ਤੇ ਕੋਈ ਇਤਰਾਜ਼ ਨਹੀਂ (ਐਨ.ਓ.ਸੀ.) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਦੋ ਹਫ਼ਤੇ ਦੀ ਵਿਦੇਸ਼ ਛੁੱਟੀ ਲਈ ਅਪਲਾਈ ਕਰਕੇ 23 ਅਕਤੂਬਰ ਦੀ ਸ਼ਾਮ ਨੂੰ ਗੋਲਡਨ ਟਰੈਵਲਜ਼ ਕੋਲ ਵਿਜਟਰ ਵੀਜ਼ੇ ਦੇ ਫਾਰਮ ਅਤੇ ਫੀਸ ਤੇ ਵੀਜ਼ਾ ਫੋਟੋ ਜਮ੍ਹਾ ਕਰਵਾ ਦਿੱਤੇ। 24 ਅਕਤੂਬਰ ਨੂੰ ਮੈਂ ਸਾਰੀ ਫਾਈਲ ਮੁਕੰਮਲ ਕਰਕੇ ਜਿਸ ਨਾਲ ਮੇਰੀਆਂ ਚੋਣਵੀਆਂ ਪੁਸਤਕਾਂ, ਕੁਝ ਮੈਗਜ਼ੀਨ ਤੇ ਹੁਣ ਤੱਕ ਛਪੀਆਂ 12 ਕਿਤਾਬਾਂ ਦਾ ਪੋਸਟਰ ਬਣਵਾ ਕੇ ਜਮ੍ਹਾ ਕਰਵਾ ਦਿੱਤਾ। ਗੋਲਡਨ ਟਰੈਵਲਰਜ਼ ਵਾਲੇ ਵੀ ਕਹਿ ਰਹੇ ਸਨ ਕਿ "ਤੁਹਾਡਾ ਕੇਸ ਐਨਾ ਸੱਚਾ ਤੇ ਦਰੁਸਤ ਹੈ ਕਿ ਤੁਹਾਡਾ ਵੀਜ਼ਾ ਤਾਂ ਯਕੀਨੀ ਹੈ। ਲੋਕਾਂ ਤਾਂ ਫੇਕ (ਗਲਤ) ਕਾਗ਼ਜ਼ ਪੇਸ਼ ਕਰਕੇ ਅੰਬੈਸੀ ਦੀਆਂ ਅੱਖਾਂ 'ਚ ਘੱਟਾ ਪਾ ਕੇ ਵੀਜ਼ਾ ਲਗਵਾ ਲੈਂਦੇ ਹਨ। ਤੁਹਾਡਾ ਸਾਰਾ ਕੇਸ ਸੱਚਾਈ ਅਧਾਰਤ ਹੈ।" ਫ੍ਰਿ ਸਾਰਾ ਕੁਝ ਕਰਕੇ ਮੈਂ 11-15 ਤੇ ਆਪਣੇ ਸਕੂਲ ਪਹੁੰਚ ਗਿਆ। ਮੈਂ ਸਾਰਾ ਦਿਨ ਸੋਚਦਾ ਰਿਹਾ ਕਿ ਕੈਨੇਡਾ ਜਾ ਕੇ ਸਭ ਨੂੰ ਸਰਪ੍ਰਾਈਜ਼ ਦੇਵਾਂਗੇ, ਐਡਮਿੰਟਨ ਮਾਮਾ ਜੀ ਪਿਆਰਾ ਸਿੰਘ, ਪਿੰਡੋਂ ਮਾ. ਜਸਵੀਰ, ਟੋਰਾਂਟੋ ਸਵਰਨਜੀਤ ਬਰਾੜ, ਕੁਲ..... ਸਿੰਘ ਤੇ ਹੋਰ ਕਈ ਮਿੱਤਰ ਹਨ। ਸਕੂਲੋਂ ਇਹੀ ਸੋਚਦਾ ਮੈਂ ਘਰ ਆਇਆ।

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



24 ਅਕਤੂਬਰ ਦੀ ਸ਼ਾਮ ਸੀ ਸਕੂਲੋਂ ਘਰੇ ਆ ਕੇ ਕੱਪੜੇ ਬਦਲ ਕੇ ਫਰਿੱਜ ਕੋਲ ਖੜ੍ਹਾ ਸਾਂ ਕਿ ਮੈਨੂੰ ਅਚਾਨਕ ਜ਼ੋਰਦਾਰ ਝਟਕਾ ਲੱਗਾ ਜਿਵੇਂ ਬਿਜਲੀ ਦੇ ਕਰੰਟ ਨੇ ਮੈਨੂੰ ਪਟਕਾ ਕੇ ਮਾਰਿਆ ਹੋਵੇ। ਕੁਝ ਪਲ ਤਾਂ ਸਮਝ ਨਾ ਆਈ ਕਿ ਮੇਰੇ ਨਾਲ ਹੋ ਕੀ ਗਿਆ ਹੈ। ਫਿਰ ਖਿਆਲ ਆਇਆ ਕਿ ਕਿਤੇ ਫਰਿੱਜ਼ ਵਿਚ ਕਰੰਟ ਨਾ ਆ ਗਿਆ ਹੋਵੇ। ਜਦੋਂ ਫਰਿਜ਼ ਨੂੰ ਹੱਥ ਲਗਾ ਕੇ ਦੇਖਿਆ ਤਾਂ ਫਰਿਜ਼ ਬਿਲਕੁਲ ਠੀਕ ਸੀ। ਪਰ ਇਸ ਝਟਕੇ ਨਾਲ ਮੇਰਾ ਦਿਮਾਗ਼ ਅਤੇ ਦਿਲ ਦੋਵੇਂ ਹੀ ਝੰਬੇ ਗਏ। ਮੈਂ ਉਠਿਆ ਤੇ ਦੀਵਾਨ (ਗੱਦੇ ਵਾਲੇ ਬੈਡ) ਤੇ ਲੰਬਾ ਲੇਟ ਗਿਆ।

ਅੱਧੇ ਕੁ ਘੰਟੇ ਬਾਅਦ ਫੇਰ ਇਕ ਝਟਕਾ ਲੱਗਾ। ਮੇਰਾ ਸਰੀਰ ਬੈਡ ਤੋਂ ਫੁੱਟ ਉੱਚਾ ਬੁੜਕਿਆ। ਹੁਣ ਦਿਮਾਗ਼ 'ਚ ਆਇਆ ਕਿ ਇਹ ਪੇਸਮੇਕਰ ਵੱਲੋਂ ਦਿੱਤਾ ਝਟਕਾ (Shock) ਹੈ। ਮੇਰੀ ਚੀਕ ਸੁਣ ਕੇ ਮੇਰੀ ਪਤਨੀ ਸਤਪਾਲ ਕੌਰ ਆਈ ਤਾਂ ਮੈਂ ਕਿਹਾ "ਜਿੰਨੀ ਜਲਦੀ ਹੋ ਸਕੇ ਗੱਡੀ ਲਿਆਓ ਮੈਨੂੰ ਹਾਰਟ ਅਟੈਕ ਆ ਰਹੇ ਹਨ ਜਲਦੀ ਕਰੋ। ਸਿਧੇ ਡੀ.ਐਮ.ਸੀ. ਪਹੁੰਚਾਓ। ਮੇਰੀ ਪਤਨੀ ਦੇ ਰੌਲਾ ਪਾਉਣ ਤੇ ਗੁਆਂਢੀ ਜਗਮੋਹਨ ਸਿਉ ਉਸ ਦਾ ਕਨੇਡਾ 'ਚੋਂ ਆਇਆ ਬੇਟਾ ਰਵਿੰਦਰ ਰਵੀ ਤੇ ਅਮਰਜੀਤ ਸਿੰਘ ਆ ਗਏ। ਫੌਰਨ ਗੱਡੀ ਆ ਗਈ ਤੇ ਮੈਨੂੰ ਪਿਛਲੀ ਸੀਟ ਤੇ ਲਿਟਾ ਕੇ ਜਗਮੋਹਨ ਨੇ ਸਿਰ ਆਪਣੀ ਬੁੱਕਲ 'ਚ ਰੱਖ ਲਿਆ। ਬੁੱਘੀਪੁਰੇ ਫਾਟਕਾਂ ਕੋਲ ਸਾਡੀ ਆਪਣੀ ਗੱਡੀ ਮਿਲ ਗਈ ਜੋ ਲੁਧਿਆਣੇ ਤੋਂ ਆਈ ਸੀ। ਉਥੋਂ ਮੈਨੂੰ ਸਾਡੀ ਆਪਣੀ ਗੱਡੀ 'ਚ ਲਿਟਾਇਆ ਗਿਆ। ਹੁਣ ਮੇਰਾ ਸਿਰ ਮੇਰੇ ਬੇਟੇ ਪ੍ਰਭਜੋਤ ਸਿੰਘ ਦੀ ਬੁੱਕਲ ਵਿਚ ਸੀ। ਮੁੱਲਾਂਪੁਰ ਤੋਂ ਲੈ ਕੇ ਖੇਤੀਬਾੜੀ ਯੂਨੀਵਰਸਿਟੀ ਤੱਕ ਪੇਸਮੇਕਰ ਨੇ ਫੇਰ ਦੋ ਜ਼ਬਰਦਸਤ ਝਟਕੇ ਦੇ ਕੇ ਚੀਕਾਂ ਕਢਵਾ ਦਿੱਤੀਆਂ। ਝਟਕਾ ਲੱਗਣ ਤੋਂ ਬਾਅਦ ਮੈਂ ਸਹਿਜ ਹੋ ਜਾਂਦਾ ਉਂਜ ਮੇਰਾ ਦਿਮਾਗ਼ ਅਤੇ ਦਿਲ ਦੋਵੇਂ ਹੀ ਝੰਬੇ ਜਾ ਰਹੇ ਸਨ। ਜਦੋਂ ਮੈਨੂੰ ਝਟਕਾ ਲੱਗਦਾ ਤਾਂ ਮੇਰਾ ਬੇਟਾ ਧਾਹ ਮਾਰਦਾ ਜਿਵੇਂ ਮੈਨੂੰ ਲੱਗਾ ਝਟਕਾ ਉਸ ਦੇ ਸੀਨੇ ਖੰਜਰ ਬਮ ਕੇ ਧੱਸਿਆ ਹੋਵੇ। ਉਹ ਰੋ ਰਿਹਾ ਸੀ ਤੇ ਦਿਲਾਸਾ ਦੇ ਰਿਹਾ ਸੀ। "ਡੈਡੀ ਜੀ ਫਿਕਰ ਨਾ ਕਰੋ ਆਪਾਂ ਪੰਜ-ਦਸ ਮਿੰਟ ਤੱਕ ਡੀ.ਐਮ.ਸੀ. ਪਹੁੰਚਣ ਵਾਲੇ ਹਾਂ। ਰੋਂਦੇ ਬੇਟੇ ਨੂੰ ਚੁੱਪ ਕਰਵਾਉਣ ਲਈ ਜਗਮੋਹਨ ਸਿੰਘ ਕਹਿ ਰਿਹਾ ਸੀ ਕਿ ਪ੍ਰਭਜੋਤ "ਸਤਿਨਾਮ ਵਾਹਿਗੁਰੂ ਦਾ ਜਾਪ ਕਰੋ।" ਮੈਨੂੰ ਆਸ ਨਹੀਂ ਸੀ ਕਿ ਮੈਂ ਬਚ ਜਾਵਾਂਗਾ। ਮੈਂ ਆਪਣੇ ਬੇਟੇ ਬਾਰੇ ਫ਼ਿਕਰਮੰਦ ਸਾਂ ਕਿ ਮੇਰੀ ਮੌਤ ਤੋਂ ਬਾਅਦ ਇਸਦਾ ਕੀ ਬਣੇਗਾ। ਜਿਹੋ ਜਿਹੇ ਪਰਿਵਾਰਕ ਹਾਲਾਤ ਹਨ ਕਿਤੇ ਇਹ ਰੁਲ੍ਹ ਕੇ ਨਾਂ ਰਹਿ ਜਾਵੇ। ਖੇਤੀਬਾੜੀ ਯੂਨੀਵਰਸਿਟੀ ਤੋਂ ਲੈ ਕੇ ਡੀ.ਐਮ.ਸੀ. ਹੀਰੋ ਹਾਰਟ ਲੁਧਿਆਣਾ ਤੱਕ ਪੁੱਜਣ ਲਈ ਲੱਗੇ ਟਰੈਫਿਕ ਜਾਮ ਕਾਰਨ ਮੈਨੂੰ ਪੇਸ ਮੇਕਰ ਨੇ ਦੋ ਹੋਰ ਜ਼ਬਰਦਸਤ ਝਟਕੇ ਦਿੱਤੇ। ਮੈਨੂੰ ਆਪਣੀ ਜੀਵਨ ਤੰਦ ਟੁੱਟਦੀ ਨਜ਼ਰ ਆਈ। ਹੁਣ ਕੈਨੇਡਾ ਦਾ ਸੁਪਨਾ ਟੁੱਟ ਰਿਹਾ ਸੀ। ਵਕਤ ਮੇਰੇ ਨਾਲ ਹੀ ਇੰਜ ਕਿਉਂ ਕਰਦਾ ਹੈ। ਮੈਂ ਤਾਂ ਸਿਰਫਾ 15 ਦਿਨ ਲਈ ਜਾ ਰਿਹਾ ਸਾਂ ਤਾਂ ਜੋ ਉਥੋਂ ਦੇ ਰਾਜਨੀਤਕ, ਸਮਾਜਿਕ ਢਾਂਚੇ ਨੂੰ ਨੇੜਿਓਂ ਦੇਖ ਕੇ ਆਪਣੇ ਮੁਲਕ ਨਾਲ ਤੁਲਨਾ ਕਰ ਸਕਾਂ ਕਿ ਸਾਡਾ ਮੁਲਕ ਉਨ੍ਹਾਂ ਦੇ ਮੁਕਾਬਲੇ ਨਰਕ ਕਿਉਂ ਹੈ? ਉਥੇ ਜਾਣ ਨਾਲ ਮੇਰੀ ਕਲਮ ਨੂੰ ਨਵੇਂ ਵਿਸ਼ੇ ਤੇ ਨਵੇਂ ਪਾਤਰ ਤੇ ਨਵਾਂ ਸਿਸਟਮ ਦੇਖਣ ਨੂੰ ਮਿਲਣਾ ਸੀ। ਪਰ ਹੁਣ ਡੀ.ਐਮ.ਸੀ. ਹੀਰੋ ਹਾਰਟ ਪੁੱਜਣ ਸਾਰ ਡਾਕਟਰ ਮੇਰੀ ਫਾਈਲ ਦੇਖ ਕੇ ਇਕਦਮ ਮੇਰਾ ਖ਼ੂਨ ਸੈਂਪਲ ਲੈ ਕੇ ਭੇਜਿਆ ਤਾਂ ਉਸ ਨੇ ਦੱਸਿਆ ਕਿ ਖ਼ੂਨ ਵਿਚ ਪੋਟਾਸ਼ੀਅਮ ਬਹੁਤ ਘੱਟ ਰਹਿ ਜਾਣ ਕਾਰਨ ਪੇਸ ਮੇਕਰ ਨੇ ਸੱਤ ਝਟਕੇ ਦਿੱਤੇ ਸਨ। ਕੁਝ ਹੋਰ ਤੱਤਾਂ ਦੀ ਵੀ ਕਮੀ ਸੀ ਜਿਸ ਕਾਰਨ ਦਿਲ ਦੀ ਧੜਕਣ ਜਦ ਬੰਦ ਹੋਣ ਤੇ ਪਹੁੰਚਦਾ ਸੀ ਤਾਂ ਪੇਸ ਮੇਕਰ ਉਸ ਨੂੰ ਝਟਕਾ ਦੇ ਕੇ ਫਿਰ ਚਾਲੂ ਕਰ ਦਿੰਦਾ ਸੀ। ਡਾਕਟਰਾਂ ਨੇ ਫੌਰਨ ਮੇਰੇ ਮਸ਼ੀਨ ਰਾਹੀਂ ਪੋਟਾਸ਼ੀਅਮ ਲਗਾ ਦਿੱਤਾ। ਇਸ ਦੇ ਨਾਲ ਦੂਸਰੀ ਮਸ਼ੀਨ ਰਾਹੀਂ ਹੋਰ ਤੱਤ ਲਗਾ ਦਿੱਤੇ ਜੋ 72 ਘੰਟੇ ਚੱਲਣੇ ਸਨ। ਆਟੋਮੈਟਿਕ ਮਸ਼ੀਨ ਇਕ ਘੰਟੇ ਵਿਚ ਤਿੰਨ ਐਮ.ਐਲ. ਸਾਲਟ ਖ਼ੂਨ ਨੂੰ ਦਿੰਦੀ ਸੀ। ਜਗਮੋਹਨ ਸਿੰਘ ਨੇ ਮੇਰੀ ਟਰੀਟਮੈਂਟ ਫਾਈਲ ਤਿਆਰ ਕਰਵਾ ਕੇ ਪੈਸੇ ਜਮ੍ਹਾ ਕਰਵਾ ਦਿੱਤੇ। ਉਸ ਰਾਤ ਮੈਂ ਐਮਰਜੈਂਸੀ ਵਾਰਡ ਵਿਚ ਰਿਹਾ। ਰਾਤ ਦਾ ਖਾਣਾ ਆਇਆ ਤਾਂ ਪੇਸ ਮੇਕਰ ਦੇ ਲਗਾਤਾਰ ਲੱਗੇ ਝਟਕਿਆ ਨਾਲ ਮੇਰਾ ਸਰੀਰ ਐਨਾ ਝੰਬਿਆ ਗਿਆ ਸੀ ਮੈਂ ਬਹੁਤ ਘੱਟ ਖਾਣਾ ਖਾ ਸਕਿਆ।

"ਡਾਕਟਰ ਸਾਹਿਬ ਜੇ ਮੈਨੂੰ ਪਤਾ ਹੁੰਦਾ ਕਿ ਇਸ ਪੇਸ ਮੇਕਰ ਦਾ ਝਟਕਾ 440 ਵੋਲਟ ਦੇ ਕਰੰਟ ਦੇ ਝਟਕੇ ਵਰਗਾ ਹੈ ਤਾਂ ਮੈਂ ਇਹ ਪੇਸ ਮੇਕਰ ਕਦੇ ਵੀ ਨਾ ਪਾਉਂਦਾ।" ਮੈਂ ਕਿਹਾ।

"ਗੁਰਮੇਲ ਸਿੰਘ ਜੇ ਤੁਹਾਡੇ ਪੇਸ ਮੇਕਰ ਨਾ ਪਾਇਆ ਹੁੰਦਾ ਤਾਂ ਤੁਸੀਂ ਏਥੋਂ ਤੱਕ ਪਹੁੰਚ ਹੀ ਨਹੀਂ ਸੀ ਸਕਣਾ ਕਿਉਂਕਿ ਤੁਹਾਡਾ ਦਿਲ ਬੰਦ ਹੋ ਰਿਹਾ ਸੀ। ਇਸ ਨੇ ਝਟਕੇ ਦੇ ਕੇ ਤੁਹਾਡਾ ਬਲੱਡ ਪਰੈਸ਼ਰ 130/80 ਤੇ ਲਿਆਂਦਾ ਹੈ ਜੋ ਆਮ ਹਾਲਤਾਂ 'ਚ ਤੁਹਾਡਾ 95/65 ਤੇ ਰਹਿੰਦਾ ਹੈ।" ਡਾਕਟਰ ਦੀ ਦਲੀਲ ਸੁਣ ਕੇ ਮੈਂ ਚੁੱਪ ਕਰ ਗਿਆ। ਫਿਰ ਉਨ੍ਹਾਂ ਨਾੜ ਇੰਜੈਕਸ਼ਨ ਦਿੱਤਾ ਤੇ ਮੈਨੂੰ ਨੀਂਦ ਆ ਗਈ। ਸੁਭਾ ਹੋਣ ਤੇ ਮੇਰਾ ਸਿਰ ਤੇ ਸਰੀਰ ਨਾਰਮਲ (ਆਮਲ ਹਾਲਤ) ਵਰਗਾ ਹੋ ਗਿਆ।

ਤੀਜੇ ਦਿਨ ਮੈਨੂੰ ਆਈ.ਸੀ.ਯੂ. 'ਚ ਸ਼ਿਫ਼ਟ ਕੀਤਾ। ਏਥੇ ਵੀ ਮਸ਼ੀਨ ਰਾਹੀਂ ਮੇਰੀ ਬਾਂਹ ਵਿਚ ਪੋਟਾਸ਼ੀਅਮ ਤੇ ਦੂਸਰੇ ਤੱਤਾਂ ਵਾਲੀ ਡਰਿੱਪ ਮਸ਼ੀਨ ਰਾਹੀਂ ਚੱਲ ਰਹੀ ਸੀ। ਜੋ ਕਿ 26 ਅਕਤੂਬਰ ਨੂੰ ਉਤਾਰੀ ਗਈ। ਮੇਰਾ ਫ਼ੋਨ ਬੇਟੇ ਕੋਲ ਸੀ। ਜਦੋਂ ਮਰੀਜ਼ਾਂ ਨੂੰ ਮਿਲਮ ਦਾ ਸਮਾਂ ਹੁੰਦਾ ਉਹ ਮੇਰਾ ਸਿਰਹਾਣੇ ਖੜ੍ਹਾ ਹੁੰਦਾ। ਮੈਂ ਤਾਂ ਸਮਝਦਾ ਸੀ ਕਿ ਇਹ ਅਜੇ ਬੱਚਾ ਹੈ। ਪਰ ਜਿਵੇਂ ਇਸਦੇ ਦੋਸਤਾਂ ਪੇਜੂ, ਪੰਮਾ ਅਤੇ ਜੱਸੀ ਨੇ ਮੇਰਾ ਖਿਆਲ ਰੱਖਿਆ ਮੈਨੂੰ ਮਿਲਦੇ ਰਹੇ, ਮੇਰੇ ਸਿਰਹਾਣੇ ਖੜ੍ਹੇ ਰਹੇ, ਉਸ ਨੇ ਮੈਨੂੰ ਅਹਿਸਾਸ ਕਰਵਾ ਦਿੱਤਾ ਕਿ ਇਹ ਬੱਚਾ ਨਹੀਂ ਰਿਹਾ। ਇਹ ਗੰਭੀਰ ਹਾਲਤਾਂ ਵਿਚ ਵੀ ਸਥਿਤੀ ਸੰਭਾਲ ਸਕਦਾ। ਮੇਰਾ ਮਨ ਧਾਰ ਚੁੱਕਾ ਸੀ ਕਿ ਜ਼ਿੰਦਗੀ ਵਿਚ ਜੋ ਕਮਾਈ ਕੀਤੀ ਹੈ ਉਹ ਇਸ ਤੋਂ ਕੁਰਬਾਨ ਕਰ ਦੇਵਾਂ। ਹਾਲਾਂਕਿ ਇਸ ਤੋਂ ਇਸ ਦਾ ਟੂਰਨਾਮੈਂਟਾਂ ਵਿਚ ਖੇਡਣਾ ਤੇ ਮੈਚ ਜਿੱਤ ਹਾਰ ਕੇ ਵੱਡੀ ਰਾਤ ਨੂੰ ਘਰੇ ਆਉਣਾ ਪਸੰਦਨ ਹੀਂ ਸੀ। ਪਰ ਪ੍ਰਭਜੋਤ ਸਿੰਘ ਦੀ ਇਸ ਫਰਜ਼ ਭਾਵਨਾ ਨੇ ਉਹ ਸਾਰੇ ਧੋਣੇ ਧੋ ਦਿੱਤੇ। ਪ੍ਰਭਜੋਤ ਤੇ ਉਸ ਦੇ ਦੋਸਤ ਸਵੇਰੇ ਆਉਂਦੇ ਮੈਨੂੰ ਅਖ਼ਬਾਰ ਦੇ ਜਾਂਦੇ। ਹਸਪਤਾਲ ਵਿਚ ਇਕ ਵਾਰ ਫੇਰ ਬੱਧਨੀ ਸਕੂਲ ਵਿਚ ਮੇਰੇ ਕੋਲੋਂ ਪੜ੍ਹ ਕੇ ਸਟਾਫ਼ ਨਰਸਾਂ ਬਣੀਆਂ ਲੜਕੀਆਂ ਤੇ ਗੁਰਪ੍ਰੀਤ ਸਿੰਘ ਮੇਰਾ ਖਿਆਲ ਰੱਖਦੇ। ਮੇਰੀ ਪੜ੍ਹਨ ਤੇ ਲਿਖਮ ਦੀ ਰੁਚੀ ਦੇ ਮੱਦੇਨਜ਼ਰ ਡਾ. ਜੀ.ਐਸ. ਵੰਡਰ ਨੇ ਮੈਨੂੰ 201 Diet Tops for heart paitent & How to pervent heart attack ਪੜ੍ਹਨ ਲਈ ਦਿੱਤੀਆਂ। ਇਹ ਦੋਵੇਂ ਕਿਤਾਬਾਂ ਹੀ ਜਾਣਕਾਰੀ ਪੱਖੋਂ ਗਜ਼ਬ ਦੀਆਂ ਕਿਤਾਬਾਂ ਸਿੱਧ ਹੋਈਆਂ। ਇਸ ਸਮੇਂ ਨਾ ਕੋਈ ਭੈਣ ਨਾ ਭਰਾ ਮੌਕੇ ਤੇ ਹਾਜ਼ਰ ਸੀ। ਸਿਰਫ਼ ਪ੍ਰਭਜੋਤ ਸੀ। ਤੇਰ੍ਹਵਾਂ ਮਹੀਨਾ ਕਰਕੇ ਪੈਸੇ ਵੱਲੋਂ ਵੀ ਹੱਥ ਤੰਗ ਸੀ। ਇਹ ਤਾਂ ਭਲਾ ਹੋਵੇ ਜਸਪਾਲ ਸਿੰਘ ਮਨੀਲਾ ਦਾ ਜਿਸਨੇ ਪੰਜਾਹ ਹਜ਼ਾਰ ਰੁਪਏ ਦੇ ਕੇ ਤੇ ਰਾਜ ਕੁਮਾਰ ਨਿਹਾਲ ਸਿੰਘ ਵਾਲਾ ਦਸ ਹਜ਼ਾਰ ਭੇਜ ਕੇ ਭਰਾ ਬਣ ਕੇ ਸਾਥ ਖੜ੍ਹੇ ਹੋਏ। ਜਦੋਂ ਮਨ ਸੋਚਾਂ ਦੀਆਂ ਘੁੰਮਣਘੇਰੀਆਂ 'ਚ ਪੈਂਦਾ ਕਿ ਜਦੋਂ ਵੀ ਮੇਰਾ ਵਿਦੇਸ਼ ਜਾਣ ਦਾ ਸਬੱਬ ਬਣਦਾ ਹੈ ਤਾਂ ਅਜਿਹਾ ਅੜਿੱਕਾ ਪੈਂਦਾ ਹੈ ਜੋ ਕਦੇ ਸੋਚਿਆ ਵੀ ਨਹੀਂ ਹੁੰਦਾ ਤੇ ਇਹ ਚੌਥੀ ਵਾਰ ਹੋਇਆ ਸੀ। ਪਹਿਲੀ ਵਾਰ ਦਸੰਬਰ 1979 ਨੂੰ ਹੋਇਆ ਜਦ ਮੇਰੀ ਮੰਗੇਤਰ ਨੇ 22 ਦਸੰਬਰ ਨੂੰ ਕੈਨੇਡਾ ਤੋਂ ਇੰਡੀਆ ਆਉਣਾ ਸੀ ਤੇ 25 ਦਸੰਬਰ 1979 ਨੂੰ ਸਾਡਾ ਸ਼ਗਨ ਸੀ। 20 ਦਸੰਬਰ 1979 ਨੂੰ ਮੇਰਾ ਮੋਟਰਸਾਈਕਲ ਦੇ ਮਗਰ ਬੈਠੇ ਐਕਸੀਡੈਂਟ ਹੋਇਆ